# ਕੰਮ ਲੱਭ ਰਹੇ ਹੋ?

## ਸੁਰੱਖਿਆ ਬਾਰੇ ਪ੍ਰਸ਼ਨ ਪੁੱਛੋ

ਨਵਾਂ ਕੰਮ - ਵਿਸ਼ੇਸ਼ ਕਰਕੇ ਜੇ ਤੁਹਾਡੇ ਲਈ ਇਹ ਪਹਿਲਾ ਹੈ - ਤੁਹਾਡੇ ਲਈ ਘਬਰਾਹਟ ਪੈਦਾ ਕਰ ਸਕਦਾ ਹੈ। ਇਸ ਲਈ ਹੋ ਸਕਦਾ ਹੈ ਤੁਸੀਂ ਕੰਮ ਉਤੇ ਸੁਰੱਖਿਆ ਬਾਰੇ ਪੁੱਛਣ ਲਈ ਨਾ ਸੋਚੋ। ਪਰ ਸਰੀਰ ਨੂੰ ਤੰਦਰੁਸਤ ਰੱਖਣ ਲਈ ਤੇ ਤਨਖ਼ਾਹ ਲੈਣ ਲਈ, ਅਤੇ ਅਖੀਰ ਚੰਗੇ ਕੰਮ ਲੈਣ ਲਈ, ਤੁਹਾਨੂੰ ਕੰਮ ਦੇ ਸਥਾਨ ਤੇ ਖ਼ਤਰਿਆਂ ਬਾਰੇ ਜਾਨਣ ਦੀ ਲੋੜ ਹੈ।

ਹਰ ਰੋਜ਼ ਬੀ.ਸੀ. ਵਿਚ ਕੰਮ ਉਤੇ 34 ਨੌਜਵਾਨ ਲੋਕ ਜ਼ਖ਼ਮੀ ਹੁੰਦੇ ਹਨ। ਹਰ ਹਫ਼ਤੇ ਪੰਜ ਸਦਾ ਲਈ ਕੰਮ-ਤੋਂ-ਅਯੋਗ ਹੋ ਜਾਂਦੇ ਹਨ। ਇਹ ਸਭ ਕੁਝ ਬਹੁਤਾ ਕਰਕੇ ਅਜਿਹੇ ਥਾਵਾਂ ਤੇ ਵਾਪਰਦਾ ਹੈ ਜੋ ਸੁਰੱਖਿਅਤ ਲਗਦੇ ਹਨ, ਜਿਵੇਂ ਰੈਸਟੋਰੈਂਟ ਅਤੇ ਪ੍ਰਚੂਨ ਦੇ ਸਟੋਰ।

ਨੌਕਰੀ ਮਿਲਣ ਵਾਲੀ ਇੰਟਰਵਿਊ ਤੋਂ ਲੈ ਕੇ ਆਪਣੇ ਕੰਮ ਦੀ ਹਰ ਸ਼ਿਫਟ ਤੱਕ ਆਪਣੀ ਸੁਰੱਖਿਆ ਬਾਰੇ ਪੁੱਛਣਾ ਨਿਸਚੇ ਹੀ ਲਾਹੇਵੰਦ ਹੈ।

## ਹੁਸ਼ਿਆਰ ਮਾਲਕ ਧਿਆਨ ਰਖਦੇ ਹਨ

ਬਹੁਤੇ ਬੌਸ ਜਾਣਦੇ ਹਨ ਕਿ ਸੁਰੱਖਿਆ ਵੱਲ ਧਿਆਨ ਦੇਣ ਦਾ ਫਲ ਮਿਲਦਾ ਹੈ। ਜ਼ਖ਼ਮੀ ਹੋਣ ਵਾਲੇ ਦੀ ਪੀੜ ਤੋਂ ਇਲਾਵਾ ਹਾਦਸੇ ਉਹਨਾਂ ਲਈ ਕਿੰਨੀਆਂ ਹੀ ਮੁਸੀਬਤਾਂ ਖੜ੍ਹੀਆਂ ਕਰ ਦਿੰਦੇ ਹਨ, ਅਤੇ ਜਦੋਂ ਵਰਕਰ ਉਹਨਾਂ ਨੂੰ ਸੁਰੱਖਿਆ ਦੇ ਖ਼ਤਰਿਆਂ ਬਾਰੇ ਪੁਛਦੇ ਜਾਂ ਦਸਦੇ ਹਨ ਤਾਂ ਬੌਸ ਇਸਦੀ ਕਦਰ ਕਰਦੇ ਹਨ। ਉਹ ਜਾਣਦੇ ਹਨ ਕਿ ਚੰਗੀ ਸੁਰੱਖਿਆ ਹਰ ਕਿਸੇ ਲਈ ਚੰਗਾ ਕਾਰਜ ਹੈ।

## ਤੁਹਾਡੀ ਇੰਟਰਵਿਊ ਲਈ ਪ੍ਰਸ਼ਨ

ਇਹ ਕੁਝ ਵਾਜਬ ਪ੍ਰਸ਼ਨ ਹਨ ਜੋ ਤੁਸੀਂ ਉਸ ਨੂੰ ਪੁੱਛ ਸਕਦੇ ਹੋ ਜਿਸ ਲਈ ਸੰਭਵ ਹੈ ਤੁਸੀਂ ਕੰਮ ਕਰੋ। ਜੇ ਇਹਨਾਂ ਦੇ ਉੱਤਰ ਸਪਸ਼ਟ ਨਾ ਹੋਣ, ਤਾਂ ਜਾਣਨ ਦਾ ਯਤਨ ਕਰੋ ਸਪਸ਼ਟ ਕਿਉਂ ਨਹੀਂ। ਇਸ ਨਾਲ ਤੁਹਾਨੂੰ ਇਹ ਫ਼ੈਸਲਾ ਕਰਨ ਵਿਚ ਸਹਾਇਤਾ ਹੋ ਸਕਦੀ ਹੈ ਕਿ ਕੀ ਤੁਸੀਂ ਇਹ ਨੌਕਰੀ ਸੱਚਮੁੱਚ ਚਾਹੁੰਦੇ ਹੋ।

- √ ਕੀ ਇਸ ਕੰਮ ਵਿਚ ਕੋਈ ਖ਼ਤਰੇ ਹਨ, ਜਿਵੇਂ ਰਸਾਇਣਕ ਪਦਾਰਥਾਂ, ਗਰਮ ਥਿੰਦੇ, ਬਹੁਤੇ ਸ਼ੋਰ ਵਿਚ, ਜਾਂ ਭਾਰੇ ਸਾਜ਼ੋ-ਸਾਮਾਨ ਨਾਲ ਕੰਮ ਕਰਨਾ? ਜੇ ਖ਼ਤਰੇ ਹਨ ਤਾਂ ਕੀ ਮੈਨੂੰ ਸੱਟਾਂ-ਫ਼ੇਟਾਂ ਤੋਂ ਬਚਣ ਲਈ ਟ੍ਰੇਨਿੰਗ ਦਿੱਤੀ ਜਾਵੇਗੀ?
- √ ਕੀ ਕੋਈ ਅਜਿਹਾ ਸੁਰੱਖਿਆ ਦਾ ਸਾਜ਼ੋ-ਸਾਮਾਨ ਹੈ ਜੋ ਮੈਥੋਂ ਪਹਿਨਣ ਲਈ ਉਮੀਦ ਕੀਤੀ ਜਾਵੇਗੀ? ਜੇ ਹੈ ਤਾਂ ਉਹ ਕੌਣ ਦੇਵੇਗਾ/ਦੇਵੇਗੀ?
- √ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਮੈਨੂੰ ਸਿਹਤ ਅਤੇ ਸੁਰੱਖਿਆ ਬਾਰੇ ਕੀ ਵਿਸ਼ੇਸ਼ ਜਾਣਕਾਰੀ ਮਿਲੇਗੀ, ਅਤੇ ਮੇਰੀ ਨਿਗਰਾਨੀ ਕਰਨ ਲਈ ਕਿਸਦੀ ਜ਼ਿੰਮੇਵਾਰੀ ਹੋਵੇਗੀ?
- √ ਸਿਹਤ ਅਤੇ ਸੁਰੱਖਿਆ ਬਾਰੇ ਮੇਰੀਆਂ ਕੀ ਜ਼ਿੰਮੇਵਾਰੀਆਂ ਹਨ, ਅਤੇ ਸੁਰੱਖਿਆ ਸੰਬੰਧੀ ਸਮੱਸਿਆਵਾਂ ਲਈ ਮੈਨੂੰ ਕਿਸ ਕੋਲ ਜਾਣਾ ਪਵੇਗਾ?
- √ ਜੇ ਮੈਨੂੰ ਕੰਮ ਉਤੇ ਸੱਟ-ਫ਼ੇਟ ਲੱਗ ਜਾਵੇ, ਤਾਂ ਅੱਗੋਂ ਕੀ ਵਿਧੀ ਹੈ, ਫ਼ਸਟ-ਏਡ ਵਿਅਕਤੀ ਕੌਣ ਹੈ?

## ਤੇ ਤੁਹਾਨੂੰ ਨੌਕਰੀ ਮਿਲਣ ਪਿਛੋਂ

ਤੁਹਾਡੇ ਬੌਸ ਤੁਹਾਡੇ ਮਨ ਨੂੰ ਨਹੀਂ ਪੜ੍ਹ ਸਕਦੇ, ਸੋ ਜੇ ਤੁਸੀਂ ਕਿਸੇ ਕੰਮ ਨੂੰ ਸੁਰੱਖਿਤ ਢੰਗ ਨਾਲ ਕਰਨ ਬਾਰੇ ਸਪਸ਼ਟ ਨਹੀਂ ਤਾਂ ਹਮੇਸ਼ਾ ਪੁੱਛੋ। ਇਹ ਕਹਿਣਾ, ਕਿ ਮੈਂ ਇਸ ਬਾਰੇ ਸਪਸ਼ਟ ਨਹੀਂ ਜਾਂ ਸੁਖਾਵਾਂ ਮਹਿਸੂਸ ਨਹੀਂ ਕਰਦਾ/ਕਰਦੀ, ਇਕ ਤਜਰਬੇਕਾਰ ਕਾਮੇ ਲਈ ਵੀ ਮੁਸ਼ਕਿਲ ਹੋ ਸਕਦਾ ਹੈ। ਪਰ ਇੰਜ ਕਹਿਣਾ ਜ਼ਖਮੀ ਹੋਣ ਨਾਲੋਂ ਕਿਤੇ ਚੰਗਾ ਹੈ। ਖ਼ਤਰੇ ਸਹੇੜਨਾ ਮੂਰਖਤਾ ਹੈ ਤੇ ਚਤੁਰ ਮਾਲਕ ਇਸ ਗੱਲ ਨੂੰ ਸਮਝਦੇ ਹਨ। ਜੇ ਤੁਸੀਂ ਪੁੱਛ ਲਵੋ ਤਾਂ ਉਹ ਤੁਹਾਡੀ ਕਦਰ ਕਰਨਗੇ। ਸੁਪਰਵਾਈਜ਼ਰਾਂ ਨੂੰ ਉਸਤਾਦਾਂ ਵਾਂਗ ਸਮਝੋ, ਜਦੋਂ ਲੋਕ ਉਹਨਾਂ ਦੇ ਗਿਆਨ ਨੂੰ ਪਛਾਣ ਲੈਂਦੇ ਹਨ ਤਾਂ ਉਹ ਇਸ ਗੱਲ ਤੇ ਚੰਗਾ ਮਹਿਸੂਸ ਕਰ ਸਕਦੇ ਹਨ। ਉਹਨਾ ਦੇ ਤਜਰਬੇ ਨੂੰ ਆਪਣੇ ਲਾਭ ਲਈ ਵਰਤੋ। ਉਹਨਾਂ ਕੋਲ ਇਜ਼ਤ ਭਰੇ ਸਲੀਕੇ ਨਾਲ ਜਾਓ; ਸਵੈ-ਭਰੋਸੇ ਨਾਲ ਬੋਲੋ, ਅਤੇ ਕੁਝ ਇਸ ਤਰਾਂ ਦਾ ਕਹੋ...

... ਮੈਨੂੰ ਇਸ ਸਾਜ਼ੋ-ਸਾਮਾਨ ਨਾਲ ਕੰਮ ਕਰਨਾ ਸੱਚਮੁੱਚ ਚੰਗਾ ਲਗਦਾ ਹੈ, ਪਰ ਬਹੁਤ ਕੁਝ ਯਾਦ ਰੱਖਣਾ ਪੈਂਦਾ ਹੈ। ਕੀ ਤੁਸੀਂ ਇਸਨੂੰ ਦੁਬਾਰਾ ਸਮਝਾਉਣ ਲਈ ਕੁਝ ਮਿੰਟ ਕੱਢ ਸਕਦੇ ਹੋ?

ਜਾਂ

... ਜਾਪਦਾ ਹੈ ਮੈਨੂੰ ਇਸਦੀ ਸਹੀ ਸਮਝ ਆ ਗਈ ਹੈ, ਪਰ ਯਕੀਨੀ ਬਣਾਉਣ ਲਈ ਕੀ ਤੁਸੀਂ ਦੇਖ ਸਕਦੇ ਹੋ ਕਿ ਮੈਂ ਸਭ ਕੁਝ ਠੀਕ ਕਰ ਰਿਹਾ/ਰਹੀ ਹਾਂ?

ਜਾਂ

...ਮੈਂ ਇਸ ਨਾਲ ਅਜੇ ਸੁਖਾਵਾਂ ਮਹਿਸੂਸ ਨਹੀਂ ਕਰਦਾ/ਕਰਦੀ, ਕੀ ਤੁਸੀਂ ਇਸਨੂੰ ਦੁਬਾਰਾ ਸਮਝਾ ਸਕਦੇ ਹੋ?



## ਜੇ ਤੁਸੀਂ ਸੁਰੱਖਿਅਤ ਮਹਿਸੂਸ ਨਹੀਂ ਕਰਦੇ

ਤੁਹਾਡਾ ਮਾਲਕ ਕਾਨੂੰਨੀ ਤੌਰ ਤੇ ਇਸ ਗੱਲ ਲਈ ਜ਼ਿੰਮੇਵਾਰ ਹੈ ਕਿ ਉਹ ਕੰਮ ਦੇ ਸੁਰੱਖਿਅਤ ਢੰਗਾਂ ਨੂੰ ਅਮਲ ਵਿਚ ਲਿਆਵੇ, ਅਤੇ ਤੁਹਾਡੀ ਜ਼ਿੰਮੇਵਾਰੀ ਹੈ ਕਿ ਤੁਸੀਂ ਉਹਨਾਂ ਤੇ ਅਮਲ ਕਰੋ। ਜੇ ਤੁਸੀਂ ਸੁਰੱਖਿਆ ਜਾਂ ਸਿਹਤ ਬਾਰੇ ਕਿਸੇ ਗੱਲੋਂ ਫ਼ਿਕਰਮੰਦ ਹੋ ਤਾਂ ਇਹ ਤੁਹਾਡੀ ਜ਼ਿੰਮੇਵਾਰੀ ਹੈ ਕਿ ਉਹਨਾਂ ਬਾਰੇ ਰਿਪੋਰਟ ਕਰੋ। ਤੁਸੀਂ ਹੇਠ ਲਿਖੀਆਂ ਥਾਵਾਂ ਤੇ ਅਜਿਹੇ ਪ੍ਰਸ਼ਨ ਉਠਾ ਸਕਦੇ ਹੋ।

1: ਜੇ ਕੋਈ ਕੰਮ ਸੁਰੱਖਿਅਤ ਮਹਿਸੂਸ ਨਹੀਂ ਹੁੰਦਾ ਤਾਂ ਆਪ ਤੋਂ ਇਕ ਦਰਜਾ ਉਪਰਲੇ ਸੁਪਰਵਾਈਜ਼ਰ ਨਾਲ ਗੱਲ ਕਰੋ, ਅਤੇ ਵਿਸਥਾਰ ਨਾਲ ਦੱਸੋ ਕਿ ਤੁਸੀਂ ਸੁਖਾਵਾਂ ਮਹਿਸੂਸ ਕਿਉਂ ਨਹੀਂ ਕਰਦੇ। ਬਹੁਤੀ ਵੇਰ ਮਸਲਾ ਇਸੇ ਪੜਾ ਤੇ ਹੱਲ ਹੋ ਜਾਵੇਗਾ।

2: ਜੇ ਤੁਹਾਨੂੰ ਆਪਣੇ ਇਸ ਸੁਪਰਵਾਈਜ਼ਰ ਤੋਂ ਤਸੱਲੀਬਖ਼ਸ਼ ਉੱਤਰ ਨਹੀਂ ਮਿਲਦਾ, ਜਾਂ ਉਹ ਸੁਲੱਭ ਨਹੀਂ ਤਾਂ ਉਸਦੇ ਸੁਪਰਵਾਈਜ਼ਰ ਕੋਲ ਜਾਓ।

3: ਜੇ ਤੁਹਾਡੀ ਅਜੇ ਵੀ ਤਸੱਲੀ ਨਹੀਂ ਹੁੰਦੀ ਤਾਂ ਆਪਣੇ ਸੁਰੱਖਿਆ ਦੇ ਪ੍ਰਤਿਨਿਧ, ਸੁਰੱਖਿਆ ਕਮੇਟੀ ਦੇ ਕਿਸੇ ਮੈਂਬਰ, ਜਾਂ ਸ਼ਾਪ ਸਟੂਅਰਡ ਨੂੰ ਪੁੱਛੋ।

4: ਬਹੁਤੀਆਂ ਸਮੱਸਿਆਵਾਂ ਇਸ ਚੌਥੇ ਪੜਾ ਤੇ ਜਾਣ ਤੋਂ ਪਹਿਲਾਂ ਹੀ ਹੱਲ ਹੋ ਜਾਣਗੀਆਂ, ਪਰ ਤੁਹਾਡਾ ਆਖ਼ਰੀ ਪੜਾ ਵਰਕਸੇਫ਼ ਬੀਸੀ ਹੈ (ਦਾ ਵਰਕਰਜ਼ ਕੰਪਨਸੇਸ਼ਨ ਬੋਰਡ)। ਫ਼ੋਨ ਕਰੋ ਤੇ ਸੁਰੱਖਿਆ ਬਾਰੇ ਆਪਣੇ ਫ਼ਿਕਰ ਬਿਆਨ ਕਰੋ (ਤੁਸੀਂ ਇਹ ਗੁੰਮਨਾਮ ਰਹਿ ਕੇ ਕਰ ਸਕਦੇ ਹੋ)। ਲੋਅਰ ਮੇਨਲੈਂਡ ਵਿਚ 604 276-3100 ਤੇ ਕਾਲ ਕਰੋ ਜਾਂ ਟੌਲ-ਫ਼ਰੀ ਨੰਬਰ, 1 888 621-7233 ਵਰਤੋ।

## ਅਣ-ਸੁਰੱਖਿਅਤ ਕੰਮ ਕਰਨ ਤੋਂ ਨਾਂਹ ਕਰਨੀ

ਜੇ ਹੋਰ ਕਿਸੇ ਤਰਾਂ ਵੀ ਮਸਲਾ ਹੱਲ ਨਹੀਂ ਹੁੰਦਾ ਤਾਂ ਅਣ-ਸੁਰੱਖਿਅਤ ਕੰਮ ਤੋਂ ਨਾਂਹ ਕਰਨੀ ਤੁਹਾਡਾ ਕਾਨੂੰਨੀ ਹੱਕ ਹੈ। ਇਸ ਤਰਾਂ ਕਰਨਾ ਔਖਾ ਹੈ ਪਰ ਇਸ ਤਰਾਂ ਕਰਨਾ ਜ਼ਰੂਰੀ ਹੋ ਸਕਦਾ ਹੈ। ਚੰਗੀ ਖ਼ਬਰ ਇਹ ਹੈ ਕਿ ਜਦੋਂ ਤੁਸੀਂ ਸੁਰੱਖਿਆ ਦੀਆਂ ਸਮੱਸਿਆਵਾਂ ਬਾਰੇ ਗੱਲ ਕਰਦੇ ਹੋ ਤਾਂ ਬਹੁਤੇ ਮਾਲਕ ਜ਼ਰੂਰ ਸੁਣਦੇ ਹਨ।

ਫੇਰ ਵੀ, ਜੇ ਤੁਹਾਡਾ ਕੁਝ ਅਜਿਹੇ ਮਾਲਕਾਂ ਨਾਲ ਵਾਹ ਪੈ ਜਾਵੇ ਜੋ ਨਹੀਂ ਸੁਣਦੇ ਤਾਂ ਯਾਦ ਰੱਖੋ ਕਿ ਤੁਹਾਡੇ ਵਰਗੇ ਕਾਮਿਆਂ ਦੀ, ਜੋ ਖ਼ਤਰਿਆਂ ਬਾਰੇ ਰਿਪੋਰਟ ਕਰਦੇ ਹਨ ਜਾਂ ਅਣ-ਸੁਰੱਖਿਅਤ ਕੰਮ ਕਰਨ ਤੋਂ ਨਾਂਹ ਕਰ ਦਿੰਦੇ ਹਨ, ਕਾਨੂੰਨ ਰੱਖਿਆ ਕਰਦਾ ਹੈ। ਜੇ ਤੁਸੀਂ ਅਣ-ਸੁਰੱਖਿਅਤ ਕੰਮ ਬਾਰੇ ਆਪਣੇ ਸੁਪਰਵਾਈਜ਼ਰ ਨੂੰ ਰਿਪੋਰਟ ਕਰਦੇ ਹੋ (ਤੁਸੀਂ ਬੀ.ਸੀ. ਵਿਚ ਭਾਵੇਂ ਕਿਸੇ ਵੀ ਥਾਂ ਤੇ ਰਹਿੰਦੇ ਹੋਵੋ) ਤਾਂ ਤੁਹਾਡੇ ਮਾਲਕ ਲਈ ਤੁਹਾਨੂੰ ਨੌਕਰੀ ਤੋਂ ਕੱਢ ਦੇਣਾ ਜਾਂ ਸਜ਼ਾ ਦੇਣੀ ਵਰਕਰਜ਼ ਕੰਪਨਸੇਸ਼ਨ ਕਾਨੂੰਨ ਦੇ ਵਿਰੁੱਧ ਹੈ।

ਸੋ ਆਪਣੇ ਆਪ ਤੇ ਸ਼ੰਕਾ ਨਾ ਕਰੋ। ਤੁਸੀਂ ਸੁਰੱਖਿਆ ਬਾਰੇ ਆਪਣੇ ਪਿੱਛੇ ਕਿਸੇ ਤਾਕਤ ਦੇ ਸਹਾਰੇ ਬੋਲ ਸਕਦੇ ਹੋ। ਜੇ ਤੁਸੀਂ ਮਹਿਸੂਸ ਕਰਦੇ ਹੋ ਕਿ ਕੋਈ ਕੰਮ ਖ਼ਤਰਨਾਕ ਹੈ ਤਾਂ ਨਾ ਕਰੋ। ਅਤੇ ਜੇ ਤੁਹਾਨੂੰ ਕਿਸੇ ਸਹਾਇਤਾ ਦੀ ਲੋੜ ਹੈ ਤਾਂ ਵਰਕਸੇਫ਼ ਬੀਸੀ ਨੂੰ ਕਾਲ ਕਰੋ।

## ਹੋਰ ਜਾਣਕਾਰੀ ਪ੍ਰਾਪਤ ਕਰੋ

ਤੁਸੀਂ ਵਰਕਸੇਫ਼ ਬੀਸੀ ਤੋਂ ਨੌਜਵਾਨ ਕਾਮਿਆਂ ਦੀ ਸੁਰੱਖਿਆ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

- ਲੋਅਰਮੇਨ ਲੈਂਡ ਵਿਚ 604 231-8578 ਤੇ ਫ਼ੋਨ ਕਰੋ, ਜਾਂ ਹੋਰ ਕਿਤੇ ਕਰਨ ਲਈ ਟੌਲ-ਫ਼ਰੀ 1 888 621-7233, ਐਕਸਟੈਨਸ਼ਨ 8578, ਵਰਤੋ।
- ਫ਼ੈਕਸ 604 207-1478
- ਈ-ਮੇਲ yworker@wcb.bc.ca
- ਸਾਡਾ ਵੈੱਬ ਸਾਈਟ ਦੇਖੋ: http://youngworker.healthandsafetycentre.org/s/Home.asp